ਲਿਲੀ ਗਰੇਵਾਲ ਨੇ ਡੈਲਟਾ ਦੇ ਅਗਲੇ ਮੇਅਰ ਵਜੋਂ ਸਿਲਵੀਆ ਬਿਸ਼ਪ ਦੇ ਨਾਮ ਦਾ ਕੀਤਾ ਸਮਰਥਨ

18 ਅਕਤੂਬਰ, 2018 - ਡੈਲਟਾ, ਬੀ.ਸੀ.- ਦੋ ਟਰਮਾਂ ਤੋਂ ਕੌਂਸਲਰ ਅਤੇ ਡੈਲਟਾ ਦੇ ਮੇਅਰ ਵਜੋਂ ਚੋਣ ਲੜ੍ਹ ਰਹੀ ਸਿਲਵੀਆ ਬਿਸ਼ਪ ਨੇ ਅੱਜ ਕਿਹਾ ਕਿ ਉਹ ਨੌਰਥ ਡੈਲਟਾ ਦੀ ਵਸਨੀਕ ਅਤੇ ਫਾਇਨੈਂਸ਼ੀਅਲ ਡਾਇਰੈਕਟਰ ਲਿਲੀ ਗਰੇਵਾਲ ਵੱਲੋਂ ਉਸਨੂੰ ਦਿੱਤੇ ਸਮਰਥਨ 'ਤੇ ਖੁਸ਼ ਹੈ।

"ਲਿਲੀ ਕਈ ਤਰੀਕਿਆਂ ਨਾਲ ਅੱਗੇ ਵੱਧ ਕੇ ਕੰਮ ਕਰਦੀ ਹੈ ਅਤੇ ਮੈਨੂੰ ਦਿੱਤੇ ਉਸਦੇ ਸਮਰਥਨ ਦਾ ਫੈਸਲਾ ਅਰਥਪੂਰਣ ਅਤੇ ਪ੍ਰੇਰਣਾਤਮਕ ਹੈ", ਬਿਸ਼ਪ ਨੇ ਕਿਹਾ।

"ਹੁਣ ਜਦੋਂ ਅਸੀਂ ਸ਼ਨੀਵਾਰ ਨੂੰ ਹੋਣ ਵਾਲੀਆਂ ਸਥਾਨਕ ਸਰਕਾਰ ਦੀਆਂ ਚੋਣਾਂ ਵੱਲ ਵੱਧ ਰਹੇ ਹਾਂ, ਲਿਲੀ ਦਾ ਮੇਰਾ ਨਾਲ ਹੋਣਾ ਸਚਮੁੱਚ ਵਿਸਵਾਸ਼-ਮਤ ਹੈ ਅਤੇ ਮੈਂ ਪੂਰੇ ਜੋਸ਼ ਨਾਲ ਇਹ ਸਮਰਥਨ ਸਵੀਕਾਰ ਕਰਦੀ ਹਾਂ"।

ਇੱਕ ਪ੍ਰਮੁੱਖ ਕਰੈਡਿਟ ਯੂਨੀਅਨ ਦੇ ਬੋਰਡ ਆਫ ਡਾਇਰੈਕਟਰ ਦੀ ਵਾਈਸ ਚੇਅਰ ਗਰੇਵਾਲ ਦਾ ਮੰਨਣਾ ਹੈ ਕਿ ਉਸਦੇ ਸਮਰਥਨ ਦਾ ਮੁੱਖ ਕਾਰਨ ਬਿਸ਼ਪ ਦੀ ਭਵਿੱਖ ਪ੍ਰਤੀ ਸੋਚ ਹੈ।

"ਸਿਲਵੀਆ ਬਿਸ਼ਪ ਡੈਲਟਾ ਨਿਵਾਸੀਆਂ ਦੀਆਂ ਬਦਲ ਰਹੀਆਂ ਹਕੀਕਤਾਂ ਨੂੰ ਸਮਝਦੀ ਹੈ ਅਤੇ ਉਸਦਾ ਮੰਨਣਾ ਹੈ ਕਿ ਕਮਿਊਨਟੀਆਂ ਨੂੰ ਸਹਿਯੋਗ ਦੇਣ ਵਾਲੀਆਂ ਸਹੀ ਸੇਵਾਵਾਂ ਦੇ ਮਿਸ਼ਰਣ ਨੂੰ ਵਿੱਤੀ ਅਤੇ ਵਾਤਾਵਰਣ ਜ਼ਿੰਮੇਵਾਰੀ ਨਾਲ ਸੰਤੁਲਿਤ ਹੋਣਾ ਚਾਹੀਦਾ ਹੈ", ਗਰੇਵਾਲ ਨੇ ਕਿਹਾ।

"ਡੈਲਟਾ ਪਰਿਵਾਰਾਂ ਲਈ ਕਫਾਇਤੀ ਰਹੇ-ਅਤੇ ਵਿੰਭਿਨਤਾ ਮਜ਼ਬੂਤੀ ਬਣੀ ਰਹੇ-ਇਸਨੂੰ ਯਕੀਨੀ ਬਣਾਉਣ ਲਈ ਉਹ ਵਚਨਬੱਧ ਹੈ"।

ਗਰੇਵਾਲ ਨੇ ਇਹ ਵੀ ਕਿਹਾ ਕਿ ਉਸਦੇ ਸਮਰਥਨ ਦਾ ਇੱਕ ਮੁੱਖ ਕਾਰਨ ਇਹ ਵੀ ਹੈ ਕਿ ਉਹ ਖ਼ੁਦ ਇੱਕ ਪ੍ਰਮੁੱਖ ਵਿੱਤੀ ਸੰਸਥਾ ਵਿੱਚ ਤਜਰਬਾ ਰੱਖਦੀ ਹੈ।

"ਸਿਲਵੀਆ ਦੀ ਅਗਵਾਈ ਨੂੰ ਕਰੈਡਿਟ ਜਾਂਦਾ ਹੈ ਕਿ ਉਸਨੇ ਚਾਰ ਸਾਲਾ ਯੋਜਨਾ ਬਣਾਉਣ ਲਈ ਸਮਾਂ ਕੱਢਿਆ ਕਿ ਜੇ ਉਹ 20 ਅਕਤੂਬਰ ਦੀਆਂ ਅਗਲੇ ਮੇਅਰ ਦੀਆਂ ਚੋਣਾਂ ਜਿੱਤ ਜਾਂਦੀ ਹੈ ਤਾਂ ਉਹ ਸ਼ਹਿਰ ਦੇ ਵਿੱਤਾਂ ਨੂੰ ਕਿਸ ਤਰ੍ਹਾਂ ਦੇਖੇਗੀ ਅਤੇ ਮੈਂ ਉਸਨੂੰ ਆਪਣੀ ਵੋਟ ਦੇਣ ਵਿੱਚ ਮਾਣ ਮਹਿਸੂਸ ਕਰਦੀ ਹਾਂ", ਗਰੇਵਾਲ ਨੇ ਕਿਹਾ।

ਅੰਤ ਵਿੱਚ ਉਸਨੇ ਕਿਹਾ -ਇੱਕ ਅਜਿਹੀ ਚੋਣ ਜੋ ਲਗਭਗ ਦੋ ਦਹਾਕਿਆਂ ਵਿੱਚ ਸ਼ਹਿਰ ਦੀ ਅਗਵਾਈ ਵਿੱਚ ਪਹਿਲਾ ਬਦਲ ਦਰਸਾ ਰਹੀ ਹੈ ,ਸਿਲਵੀਆ ਬਿਸ਼ਪ ਕੋਲ ਡੈਲਟਾ ਨਿਵਾਸੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਦਾ ਤਜਰਬਾ ਹੈ।

"ਨਵੀਂ ਅਗਵਾਈ ਅਤੇ ਨਵੇਂ ਵਿਚਾਰਾਂ ਲਈ ਉਸਦੀ ਵਚਨਬੱਧਤਾ- ਪੀੜ੍ਹੀਆਂ ਤੱਕ ਸਾਡੇ ਸ਼ਹਿਰ ਨੂੰ ਸਹੀ ਰਾਹ ਤੇ ਰੱਖੇਗੀ"।

ਗਰੇਵਾਲ,ਨੇ ਆਪਣੀ ਬੈਚੂਲਰ ਡਿਗਰੀ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਤੋਂ ਅਤੇ ਮਾਸਟਰ ਡਿਗਰੀ ਯੂਨੀਵਰਸਿਟੀ ਆਫ ਟੋਰਾਂਟੋ ਤੋਂ ਲਈ ਹੈ ਅਤੇ ਉਸਨੇ ਡੈਲਟਾ/ ਰਿਚਮੰਡ ਦੇ ਬੁਆਇਜ਼ ਐਂਡ ਗਰਲਜ਼ ਕਲੱਬ ਅਤੇ ਕੌਂਸਲ ਆਫ ਏਜੰਸੀਜ਼ ਸਰਵਿੰਗ ਸਾਊਥ ਏਸ਼ੀਅਨਜ਼ ਇਨ ਟੋਰਾਂਟੋ ਲਈ ਵੀ ਸੇਵਾਵਾਂ ਨਿਭਾਈਆਂ ਹਨ।

ਉਹ ਕੈਨੇਡੀਅਨ ਸੈਂਟਰ ਆਫ ਪੌਲੀਸੀ ਆਲਟਰਨੇਟਿਵਜ਼ ਦੀ ਬੋਰਡ ਮੈਂਬਰ ਹੈ ਅਤੇ ਉਸਨੇ ਪਬਲਿਕ ਪੌਲੀਸੀ ਵਰਕ ਵਿੱਚ 15 ਸਾਲ ਬਤੀਤ ਕੀਤੇ ਹਨ।

CONTACT:
Jason Craik, co-campaign manager 604-603-1790
Kristy Fredericks, co-campaign manager 604-626-1374
teamdeltamedia@gmail.com